ਦਫਤਰ ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਸਅਸ ਨਗਰ

ਹੁਕਮ ਨੰ: 15/170-2014 ਅਮਲਾ-1(4)
ਮਿਤੀ, ਸਅਸ ਨਗਰ: 6-11-2015

ਸ਼੍ਰੀਮਤੀ ਸਵਰਨ ਕੌਰ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਬੀਜਾ, ਜਿਲ੍ਹਾ ਲੁਧਿਆਣਾ ਨੂੰ ਮਿਤੀ 19-2-2015 ਤੋਂ ਅਣ-ਅਧਿਕਾਰਤ ਤੋਰ ਤੇ ਆਪਣੀ ਡਿਊਟੀ ਤੋਂ ਗੈਰ ਹਾਜਰ ਰਹਿਣ ਕਾਰਨ ਇਸ ਦਫਤਰ ਦੇ ਹੁਕਮ ਨੰ: 15/170-2014 ਅਮਲਾ-1(4) ਮਿਤੀ 7-5-2015 ਰਾਹੀਂ ਪੰਜਾਬ ਸਿਵਲ ਸੇਵਾਵਾਂ (ਦੰਡ ਅਤੇ ਅਪੀਲ) ਨਿਯਮਾਵਲੀ, 1970 ਦੀ ਧਾਰਾ-8 ਅਧੀਨ ਮੇਜਰ ਸਜਾ ਲਈ ਦੋਸ਼ ਸੂਚੀ ਜਾਰੀ ਕੀਤੀ ਗਈ ਸੀ। ਕਰਮਚਾਰਨ ਨੇ ਇਸ ਦੋਸ਼ ਸੂਚੀ ਦਾ ਕੋਈ ਜਵਾਬ ਨਹੀਂ ਦਿੱਤਾ। ਇਸ ਉਪਰੰਤ ਕਰਮਚਾਰਨ ਨੂੰ ਮਿਤੀ 28-8-2015 ਅਤੇ 18-9-2015 ਨੂੰ ਨਿਜੀ ਸੁਣਵਾਈ ਦਾ ਮੌਕਾ ਵੀ ਦਿੱਤਾ ਗਿਆ ਪਰੰਤੂ ਕਰਮਚਾਰਨ ਹਾਜਰ ਨਹੀਂ ਹੋਈ ਅਤੇ ਡਾਕ ਵਿਭਾਗ ਵੱਲੋਂ ਇਹ ਲਿਖ ਕੇ ਪੱਤਰ ਵਾਪਸ ਆ ਗਿਆ ਕਿ ਪ੍ਰਾਪਤ ਕਰਤਾ ਬਾਹਰਲੇ ਦੇਸ਼ ਗਈ ਹੋਈ ਹੈ।

ਇਸ ਤੋਂ ਸਾਬਤ ਹੁੰਦਾ ਹੈ ਕਿ ਕਰਮਚਾਰਨ ਡਿਊਟੀ ਤੇ ਹਾਜਰ ਨਹੀਂ ਹੋਣਾ ਚਾਹੁੰਦੀ ਅਤੇ ਉਸ ਦੀ ਸਰਕਾਰੀ ਨੌਕਰੀ ਵਿੱਚ ਕੋਈ ਦਿਲਚਸਪੀ ਨਹੀਂ ਹੈ। ਇਸ ਲਈ ਸ਼੍ਰੀਮਤੀ ਸਵਰਨ ਕੌਰ, ਲੈਕਚਰਾਰ ਪੰਜਾਬੀ, ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਬੀਜਾ, ਜਿਲ੍ਹਾ ਲੁਧਿਆਣਾ ਦੀਆਂ ਸੇਵਾਵਾਂ ਤਤਕਾਲ ਸਮੇਂ ਤੋਂ ਡਿਸਮਿਸ ਕੀਤੀਆਂ ਜਾਂਦੀਆਂ ਹਨ।

ਬਲਬੀਰ ਸਿੰਘ
ਡਾਇਰੈਕਟਰ, ਸਿੱਖਿਆ ਵਿਭਾਗ (ਸੈ:ਸਿ:), ਪੰਜਾਬ

ਪਿਠ ਅੰਕਣ ਨੰ: ਉਕਤ
ਮਿਤੀ, ਸਅਸ ਨਗਰ: 30-11-2015

ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ :

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿੱਖਿਆ ਵਿਭਾਗ (ਸਿ-2 ਸ਼ਾਖਾ)
2. ਮੰਡਲ ਸਿੱਖਿਆ ਅਫਸਰ, ਨਾਭਾ
3. ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:), ਲੁਧਿਆਣਾ (ਸੇਵਾ ਪੱਤ੍ਰੀ ਨਾਲ)
4. ਪ੍ਰਿੰਸੀਪਲ, ਸਸਸਸ, ਬੀਜਾ, ਜਿਲ੍ਹਾ ਲੁਧਿਆਣਾ
5. ਸ਼੍ਰੀਮਤੀ ਸਵਰਨ ਕੌਰ, ਲੈਕਚਰਾਰ ਪੰਜਾਬੀ ਵਾਇਆ ਪ੍ਰਿੰਸੀਪਲ ਸਰਕਾਰੀ ਸੀਨੀਅਰ ਸਕੈਂਡਰੀ ਸਕੂਲ, ਬੀਜਾ, ਜਿਲ੍ਹਾ ਲੁਧਿਆਣਾ

ਡਿਪਟੀ ਡਾਇਰੈਕਟਰ (ਸ.ਪ੍ਰ)